# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 18 ਅਪ੍ਰੈਲ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬਹਾਵਲਪੁਰੀ ਭਾਈਚਾਰੇ ਦਾ ਦੇਸ਼ ਦੀ ਤਰੱਕੀ ਵਿੱਚ ਅਹਿਮ ਯੋਗਦਾਨ: ਹਰਪਾਲ ਜੁਨੇਜਾ

### 'ਬਹਾਵਲਪੁਰੀ ਦਿਵਸ' ਮੌਕੇ ਸਮਾਣਾ ਵਿਖੇ ਕਰਵਾਇਆ ਵਿਸ਼ੇਸ਼ ਸਮਾਗਮ; ਭਾਈਚਾਰੇ ਦੀ ਚੜ੍ਹਦੀ ਕਲਾ ਲਈ ਕੀਤੀ ਅਰਦਾਸ

ਵਰਲਡ ਪੰਜਾਬੀ ਟਾਈਮਜ਼




ਸਮਾਣਾ, 18 ਅਪ੍ਰੈਲ: ਅਖਿਲ ਭਾਰਤੀ ਬਹਾਵਲਪੁਰ ਮਹਾਸੰਘ ਵੱਲੋਂ 'ਬਹਾਵਲਪੁਰੀ ਦਿਵਸ' ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਹਰਪਾਲ ਜੁਨੇਜਾ ਨੇ ਕਿਹਾ ਕਿ ਬਹਾਵਲਪੁਰੀ ਭਾਈਚਾਰਾ ਆਪਣੀ ਮਿਹਨਤ ਅਤੇ ਦਿਆਨਤਦਾਰੀ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ, "ਦੇਸ਼ ਦੀ ਆਰਥਿਕ ਅਤੇ ਸਮਾਜਿਕ ਉੱਨਤੀ ਵਿੱਚ ਇਸ ਭਾਈਚਾਰੇ ਦਾ ਬਹੁਤ ਵੱਡਾ ਅਤੇ ਅਹਿਮ ਯੋਗਦਾਨ ਹੈ। ਵੰਡ ਦੇ ਸੰਤਾਪ ਨੂੰ ਹੰਢਾਉਣ ਦੇ ਬਾਵਜੂਦ ਇਸ ਭਾਈਚਾਰੇ ਨੇ ਆਪਣੀ ਹਿੰਮਤ ਨਾਲ ਸਮਾਜ ਵਿੱਚ ਇੱਕ ਸਤਿਕਾਰਯੋਗ ਮੁਕਾਮ ਹਾਸਲ ਕੀਤਾ ਹੈ।" ਉਨ੍ਹਾਂ ਭਾਈਚਾਰੇ ਦੇ ਸ਼ਾਨਾਮੱਤੇ ਇਤਿਹਾਸ ਦੀ ਸ਼ਲਾਘਾ ਕਰਦਿਆਂ ਸਾਰਿਆਂ ਨੂੰ ਏਕਤਾ ਦੇ ਸੂਤਰ ਵਿੱਚ ਬੱਝੇ ਰਹਿਣ ਦਾ ਸੱਦਾ ਦਿੱਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹਾਸੰਘ ਦੇ ਪੰਜਾਬ ਪ੍ਰਧਾਨ ਰਾਜ ਕੁਮਾਰ ਸਚਦੇਵਾ ਨੇ ਦੱਸਿਆ ਕਿ ਇਹ ਦਿਨ ਬਹਾਵਲਪੁਰੀ ਭਾਈਚਾਰੇ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਸ ਵਾਰ ਵੀ ਇਹ ਦਿਹਾੜਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਯਾਦਗਾਰੀ ਬਣਾਇਆ ਗਿਆ। ਸਮਾਗਮ ਦੌਰਾਨ ਭਾਈਚਾਰੇ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ ਗਈ।

ਮਹਾਸੰਘ ਦੇ ਮੁੱਖ ਸਰਪ੍ਰਸਤ ਡਾ. ਮਦਨ ਲਾਲ ਹਸੀਜਾ ਅਤੇ ਗਿਆਨ ਚੰਦ ਕਟਾਰੀਆ ਨੇ ਕਿਹਾ ਕਿ ਅਜਿਹੇ ਸਮਾਗਮਾਂ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਅਤੇ ਸੱਭਿਆਚਾਰ ਨਾਲ ਜੋੜਨਾ ਹੈ। ਚੇਅਰਮੈਨ ਜਗਦੀਸ਼ ਕੁਮਾਰ, ਪ੍ਰਧਾਨ ਸੁਸ਼ੀਲ ਪੋਪਲੀ ਅਤੇ ਕਾਰਜਕਾਰੀ ਪ੍ਰਧਾਨ ਰਾਮ ਚੰਦ ਰਾਮਾ ਨੇ ਆਈਆਂ ਹੋਈਆਂ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ।

ਸਮਾਗਮ ਦੇ ਅਖੀਰ ਵਿੱਚ ਪ੍ਰਧਾਨ ਰਾਜ ਕੁਮਾਰ ਸਚਦੇਵਾ ਅਤੇ ਸਮੂਹ ਮੈਂਬਰਾਂ ਵੱਲੋਂ ਹਰਪਾਲ ਜੁਨੇਜਾ ਅਤੇ ਹੋਰ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਬਹਾਵਲਪੁਰ ਮਹਾਸੰਘ ਦੇ ਮੈਂਬਰਾਂ ਨੇ ਭਾਈਚਾਰਕ ਏਕਤਾ ਨੂੰ ਕਾਇਮ ਰੱਖਣ ਦਾ ਪ੍ਰਣ ਲਿਆ। 'ਜੈ ਬਹਾਵਲਪੁਰੀ' ਅਤੇ 'ਜੀਵੇ ਬਹਾਵਲਪੁਰੀ' ਦੇ ਨਾਅਰਿਆਂ ਨਾਲ ਪੂਰਾ ਪੰਡਾਲ ਗੂੰਜ ਉੱਠਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਭਾਈਚਾਰੇ ਦੇ ਲੋਕ ਹਾਜ਼ਰ ਸਨ।

## ਭਾਸ਼ਾ ਵਿਭਾਗ ਪੰਜਾਬ ਨੇ ਕਰਵਾਇਆ ਡਾ. ਦੀਵਾਨ ਸਿੰਘ ਕਾਲੇਪਾਣੀ ਸਬੰਧੀ ਸਮਾਗਮ

### ਡਾ. ਦੀਵਾਨ ਸਿੰਘ ਕਾਲੇਪਾਣੀ ਭਾਈਚਾਰਕ ਸਾਂਝ, ਦੇਸ਼ ਭਗਤੀ ਤੇ ਲਿਆਕਤ ਦਾ ਮੁਜੱਸਮਾ ਸਨ- ਸ. ਜਸਵੰਤ ਸਿੰਘ ਜ਼ਫ਼ਰ

### ਡਾ. ਆਤਮਜੀਤ ਨੇ ਡਾ. ਕਾਲੇਪਾਣੀ ਬਾਰੇ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਦੀ ਸ਼ਾਨਦਾਰ ਪੇਸ਼ਕਾਰੀ ਕੀਤੀ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 18 ਅਪ੍ਰੈਲ:ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਇੱਥੇ ਭਾਸ਼ਾ ਭਵਨ ਵਿਖੇ ਉੱਘੇ ਦੇਸ਼ ਭਗਤ ਤੇ ਸਾਹਿਤਕਾਰ ਡਾ. ਦੀਵਾਨ ਸਿੰਘ ਕਾਲੇਪਾਣੀ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਹੈ। ਜਿਸ ਦੌਰਾਨ ਉੱਘੇ ਨਾਟਕਕਾਰ ਡਾ. ਆਤਮਜੀਤ ਨੇ ਡਾ. ਕਾਲੇਪਾਣੀ ਬਾਰੇ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਦੇ ਪਾਠ ਰਾਹੀਂ ਸ਼ਾਨਦਾਰ ਪੇਸ਼ਕਾਰੀ ਕੀਤੀ। ਸਮਾਗਮ ਦੀ ਪ੍ਰਧਾਨਗੀ ਪ੍ਰੋ. ਕਿਰਪਾਲ ਕਜ਼ਾਕ ਨੇ ਕੀਤੀ। ਇਸ ਮੌਕੇ ਵੱਡੀ ਗਿਣਤੀ 'ਚ ਸਾਹਿਤ ਰਸੀਏ ਤੇ ਰੰਗਕਰਮੀ ਮੌਜੂਦ ਸਨ। ਇਸ ਸਮਾਗਮ ਰਾਹੀਂ ਭਾਸ਼ਾ ਵਿਭਾਗ ਪੰਜਾਬ ਨੇ ਸਾਲ 2026-27 ਦੇ ਸਮਾਗਮਾਂ ਦੀ ਸ਼ੁਰੂਆਤ ਵੀ ਕੀਤੀ।



ਸ. ਜਸਵੰਤ ਸਿੰਘ ਜ਼ਫ਼ਰ ਨੇ 'ਕਾਲੇਪਾਣੀ ਦਾ ਹੰਸ' ਸਿਰਲੇਖ ਤਹਿਤ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ, ਸਾਹਿਤ ਸਿਰਜਣਾ ਤੇ ਕੁਰਬਾਨੀ ਸਬੰਧੀ ਵਿਸਥਾਰ ਵਿੱਚ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਡਾ. ਕਾਲੇਪਾਣੀ ਨੇ ਆਪਣੇ ਜੀਵਨ 'ਚ ਕਈ ਮਿਸਾਲਾਂ ਕਾਇਮ ਕੀਤੀਆਂ। ਜਿੰਨਾਂ 'ਚ ਸੱਚੀ-ਸੱੁਚੀ ਕਿਰਤ, ਸਿੱਖ ਹੋਣ, ਪੰਜਾਬੀ ਹੋਣ ਅਤੇ ਗੁਰੂ ਘਰ ਦੇ ਮਾਅਨਿਆਂ ਸਬੰਧੀ ਮਿਸਾਲਾਂ ਸ਼ਾਮਲ ਹਨ। ਉਹ ਜਿੱਥੇ ਵੀ ਗਏ ਸਿੱਖ ਧਰਮ, ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੀ ਚੰਗਿਆਈਆਂ ਨੂੰ ਨਾਲ ਲੈ ਕੇ ਗਏ। ਉਨ੍ਹਾਂ ਅੰਡੇਮਾਨ ਦੀ ਧਰਤੀ ਦੇ ਹੋਰਨਾਂ ਧਰਮਾਂ ਦੇ ਲੋਕਾਂ ਨਾਲ ਮਿਲਕੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਅਤੇ ਖਾਲਸਾ ਸਕੂਲ ਵੀ ਚਲਾਇਆ। ਉਕਤ ਗੁਰੂ ਘਰ ਅੱਜ ਵੀ ਉਨ੍ਹਾਂ ਦੇ ਨਾਮ 'ਤੇ ਸਥਾਪਤ ਹੈ। ਡਾ. ਆਤਮਜੀਤ ਨੇ ਆਪਣੇ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਰਾਹੀਂ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ, ਸੰਘਰਸ਼ ਅਤੇ ਕੁਰਬਾਨੀ ਬਾਰੇ ਬਹੁਤ ਸਾਰੀਆਂ ਅਣਛੋਹੀਆਂ ਘਟਨਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਆਪਣੇ ਨਾਟਕ ਪਾਠ ਨੂੰ ਸੰਗੀਤਕ ਛੋਹਾਂ ਰਾਹੀਂ ਦਿਲਕਸ਼ ਬਣਾਇਆ ਅਤੇ ਹਰ ਕਿਰਦਾਰ ਨੂੰ ਬੜੇ ਭਾਵਪੂਰਤ ਤਰੀਕੇ ਨਾਲ ਨਿਭਾਇਆ। ਕਾਵਿ ਟੁਕੜੀਆਂ ਰਾਹੀਂ ਨਾਟਕ ਦੀ ਕਹਾਣੀ ਨੂੰ ਅੱਗੇ ਵਧਾਇਆ। ਇਸ ਨਾਟਕ ਰਾਹੀਂ ਡਾ. ਕਾਲੇਪਾਣੀ ਦੀ ਸ਼ਖ਼ਸੀਅਤ ਨੂੰ ਸੱਚੀ-ਸੁੱਚੀ ਕਿਰਤ, ਵਿਦਵਤਾ ਭਰਪੂਰ, ਸਾਂਝੀਵਾਲਤਾ ਦੇ ਹਾਮੀ, ਦੇਸ਼ ਭਗਤੀ ਦੇ ਮੁਜੱਸਮੇ ਵਜੋਂ ਉਭਾਰਿਆ। ਨਾਟਕ ਦੇ ਕਾਵਿ ਰੰਗਤ ਵਾਲੇ ਸੰਵਾਦਾਂ 'ਸਿਰ ''ਤੇ ਪੱਗ, ਮੱਥੇ 'ਚ ਜੱਗ', 'ਜ਼ਿੰਦਗੀ ਇੱਕ ਕਰਜ਼ ਹੈ, ਜ਼ਿੰਦਗੀ ਇੱਕ ਫ਼ਰਜ਼ ਹੈ, ਜ਼ਿੰਦਗੀ ਇੱਕ ਮਰਜ਼ ਹੈ', 'ਸਦਾਚਾਰ ਦੀ ਜੰਗ ਲੜਨ ਵਾਲਾ ਵੱਡਾ ਫੌਜੀ', ਆਦਿ ਰਾਹੀਂ ਦਰਸ਼ਕਾਂ ਨੂੰ ਵਾਰ-ਵਾਰ ਤਾੜੀਆਂ ਮਾਰਨ ਲਈ ਮਜ਼ਬੂਰ ਕੀਤਾ।

ਆਪਣੇ ਪ੍ਰਧਾਨਗੀ ਭਾਸ਼ਣ 'ਚ ਪ੍ਰੋ. ਕਿਰਪਾਲ ਕਜ਼ਾਕ ਨੇ ਕਿਹਾ ਸਾਹਿਤ ਦੀਆਂ ਹੋਰਨਾਂ ਵਿਧਾਵਾਂ 'ਚ ਕਲਪਨਾ ਸ਼ਾਮਲ ਕੀਤੀ ਜਾ ਸਕਦੀ ਹੈ ਪਰ ਨਾਟਕ ਨੂੰ ਯਥਾਰਥ ਦੇ ਵਧੇਰੇ ਨੇੜੇ ਰੱਖਣਾ ਪੈਂਦਾ ਹੈ। ਡਾ. ਆਤਮਜੀਤ ਨੇ ਆਪਣੇ ਨਾਟਕ ਰਾਹੀਂ ਜਿੱਥੇ ਡਾ. ਕਾਲੇਪਾਣੀ ਦੇ ਜੀਵਨ ਸੰਘਰਸ਼ ਨੂੰ ਰੂਪਮਾਨ ਕੀਤਾ ਉੱਥੇ ਅਜ਼ਾਦੀ ਸੰਘਰਸ਼ ਦੀਆਂ ਬਹੁਤ ਸਾਰੀਆਂ ਅਣਛੋਹੀਆਂ ਘਟਨਾਵਾਂ ਨੂੰ ਵੀ ਆਪਣੇ ਨਾਟਕ ਰਾਹੀਂ ਉਜਾਗਰ ਕੀਤਾ ਹੈ। ਜਿਸ ਨਾਲ ਇਹ ਨਾਟਕ ਬਹੁਪਰਤੀ ਬਣਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਇਤਿਹਾਸਿਕ ਨਾਟਕ ਲਿਖਣੇ ਬਹੁਤ ਹੀ ਸੰਵੇਦਨਸ਼ੀਲ ਤੇ ਜੋਖ਼ਮ ਭਰਪੂਰ ਹੁੰਦੇ ਹਨ, ਅਜਿਹੇ ਨਾਟਕ ਸਿਰਫ਼ ਡਾ. ਆਤਮਜੀਤ ਲਿਖ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਟਕ ਰਾਹੀਂ ਡਾ. ਕਾਲੇਪਾਣੀ ਦੀ ਪ੍ਰੰਪਰਾਵਾਦੀ, ਧਾਰਮਿਕ ਤੇ ਆਦਰਸ਼ਵਾਦੀ ਸ਼ਖ਼ਸੀਅਤ ਵਾਲੀ ਛਵੀ ਉੱਭਰਦੀ ਹੈ। ਅਖ਼ੀਰ ਵਿੱਚ ਮਹਿਮਾਨਾਂ ਨੂੰ ਵਿਭਾਗ ਵੱਲੋਂ ਸ਼ਾਲਾਂ ਅਤੇ ਪੁਸਤਕਾਂ ਦੇ ਸੈੱਟਾਂ ਨਾਲ ਸਤਿਕਾਰ ਦਿੱਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਪਦਮਸ਼੍ਰੀ ਪ੍ਰਾਣ ਸੱਭਰਵਾਲ, ਰੰਗਕਰਮੀ ਰਾਜੇਸ਼ ਸ਼ਰਮਾ, ਹਰਜੀਤ ਕੈਂਥ, ਡਾ. ਕਾਲੇਪਾਣੀ ਦੇ ਸਬੰਧੀ ਰਾਜਿੰਦਰ ਸਿੰਘ ਛਿੰਦਾ ਆਸਟਰੇਲੀਆ, ਸ਼੍ਰੋਮਣੀ ਕਵੀ ਬਲਵਿੰਦਰ ਸੰਧੂ, ਡਾ. ਸੁਰਜੀਤ ਸਿੰਘ, ਡਾ. ਅਤੈ ਸਿੰਘ. ਡਾ. ਸੁਨੀਲ ਭਾਟੀਆ ਦਿੱਲੀ, ਡਾ. ਬਲਵੀਰ ਕੌਰ ਪੰਧੇਰ, ਗੁਰਚਰਨ ਪਬਰਾਲੀ, ਅਵਤਾਰਜੀਤ ਸਿੰਘ, ਪ੍ਰੋ. ਘੁੰਮਣ, ਭਾਸ਼ੋ, ਭਾਸ਼ਾ ਵਿਭਾਗ ਦੇ ਡਿਪਟੀ ਡਾਇਰੈਕਟਰ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸੁਖਪ੍ਰੀਤ ਕੌਰ, ਤੇਜਿੰਦਰ ਸਿੰਘ ਗਿੱਲ, ਸੁਰਿੰਦਰ ਕੌਰ, ਜਸਪ੍ਰੀਤ ਕੌਰ ਅਤੇ ਵੱਡੀ ਗਿਣਤੀ 'ਚ ਸਾਹਿਤਕਾਰ ਤੇ ਸਾਹਿਤ ਰਸੀਏ ਸ਼ਾਮਲ ਸਨ।

ਤਸਵੀਰ:- ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ ਤੇ ਪਦਮਸ਼੍ਰੀ ਪ੍ਰਾਣ ਸੱਭਰਵਾਲ, ਨਾਟਕਕਾਰ ਡਾ. ਆਤਮਜੀਤ ਤੇ ਪ੍ਰੋ ਕਿਰਪਾਲ ਕਜ਼ਾਕ ਨੂੰ ਸਨਮਾਨਿਤ ਕਰਦੇ ਹੋਏ।

## ਪਰਵਾਸ ਪੱਤ੍ਰਿਕਾ ਦਾ 47ਵਾਂ ਅੰਕ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 18 ਅਪ੍ਰੈਲ : ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪਰਵਾਸ ਪੱਤ੍ਰਿਕਾ ਦਾ 47ਵਾਂ ਅੰਕ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਵਿੱਚ ਕਨੇਡਾ ਵਸਦੇ ਉੱਘੇ ਕਹਾਣੀਕਾਰ ਜਰਨੈਲ ਸਿੰਘ (ਦੋ ਟਾਪੂ )ਤੇ ਉਨ੍ਹਾਂ ਦੀ ਧਰਮ ਸੁਪਤਨੀ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ । ਪ੍ਰੋਗਰਾਮ ਦੇ ਆਰੰਭ ਵਿੱਚ ਡਾਕਟਰ ਸ.ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਅਤੇ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਰਸਮੀ ਤੌਰ 'ਤੇ ਸਭ ਨੂੰ ਜੀ ਆਇਆਂ ਕਿਹਾ। ਉਹਨਾਂ ਨੇ ਜਰਨੈਲ ਸਿੰਘ ਦੀ ਹੁਣ ਤੱਕ ਦੀ ਸਾਹਿਤਿਕ ਦੇਣ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ ਅਤੇ ਉਹਨਾਂ ਦੀਆਂ ਬਹੁਤ ਚਰਚਿਤ ਕਹਾਣੀਆਂ ਦੋ ਟਾਪੂ ਅਤੇ ਟਾਵਰਜ਼ ਬਾਰੇ ਵੀ ਵਿਚਾਰ ਚਰਚਾ ਕੀਤੀ। ਲੇਖਕ ਜਰਨੈਲ ਸਿੰਘ ਨੇ ਇਸ ਸਮੇਂ ਸਰੋਤਿਆਂ ਦੇ ਰੂਬਰੂ ਹੁੰਦਿਆਂ ਆਪਣੇ ਪਰਵਾਸੀ ਜੀਵਨ ਅਤੇ ਸਾਹਿਤਿਕ ਸਫ਼ਰ ਬਾਰੇ ਗੱਲਬਾਤ ਕੀਤੀ। ਉਹਨਾਂ ਨੇ ਦੱਸਿਆ ਕਿ ਉਹਨਾਂ ਦੀਆਂ ਕਹਾਣੀਆਂ ਵਿਸ਼ਵੀ ਸਰੋਕਾਰਾਂ ਅਤੇ ਪਰਵਾਸੀ ਪੰਜਾਬੀਆਂ ਦੇ ਜੀਵਨ ਯਥਾਰਥ ਨਾਲ ਸੰਬੰਧਿਤ ਹਨ। ਇਹਨਾਂ ਕਹਾਣੀਆਂ ਵਿੱਚ ਗੋਰੇ ਪਾਤਰਾਂ ਦੀ ਸ਼ਮੂਲੀਅਤ ਵੀ ਬਹੁਤ ਖ਼ਾਸ ਮਹੱਤਤਾ ਰੱਖਦੀ ਹੈ।ਪ੍ਰੋਫੈਸਰ ਸ਼ਰਨਜੀਤ ਕੌਰ ਮੁਖੀ ਪੰਜਾਬੀ ਵਿਭਾਗ ਨੇ ਪਰਵਾਸ ਮੈਗਜ਼ੀਨ ਦੇ 47ਵੇਂ ਅੰਕ ਵਿੱਚ ਪ੍ਰਕਾਸ਼ਿਤ ਰਚਨਾਵਾਂ ਬਾਰੇ ਸੰਖੇਪ ਵਿੱਚ ਜਾਣ ਪਹਿਚਾਣ ਕਰਵਾਈ। ਉਹਨਾਂ ਨੇ ਦੱਸਿਆ ਕਿ ਇਸ ਅੰਕ ਵਿੱਚ ਅਮਰੀਕਾ ਦੇ ਨਾਮਵਰ ਲੇਖਕ ਡਾ. ਜਗਜੀਤ ਬਰਾੜ ਨੂੰ ਵਿਸ਼ੇਸ਼ ਲੇਖਕ ਵਜੋਂ ਛਾਪਿਆ ਗਿਆ ਹੈ। ਪਿਛਲੇ ਸਮੇਂ ਸਦੀਵੀ ਤੌਰ 'ਤੇ ਵਿਛੋੜਾ ਦੇ ਗਏ ਲੇਖਕ ਤੇ ਚਿੱਤਰਕਾਰ ਦੇਵ ਸਵਿਟਜ਼ਰਲੈਂਡ ਅਤੇ ਜੈਤੇਗ ਸਿੰਘ ਅਨੰਤ ਨੂੰ ਸ਼ਰਧਾਂਜਲੀ ਦੇਣ ਹਿੱਤ ਉਹਨਾਂ ਦੇ ਸਾਹਿਤਿਕ ਜੀਵਨ ਨਾਲ ਸਬੰਧਤ ਲੇਖ ਛਾਪੇ ਗਏ ਹਨ। ਪ੍ਰੋਫੈਸਰ ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀਜੀਐਨ ਆਈ ਐਮ ਟੀ ਨੇ ਇਸ ਮੌਕੇ ਪਰਵਾਸੀ ਪੰਜਾਬੀ ਸਾਹਿਤ ਅਤੇ ਅਜੋਕੇ ਪਰਵਾਸ ਨਾਲ ਜੁੜੇ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ। ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਸ.ਜਰਨੈਲ ਸਿੰਘ ਜੀ ਨੂੰ ਸਨਮਾਨ ਚਿੰਨ ਭੇਟਾ ਕੀਤਾ ਗਿਆ। ਇਸ ਮੌਕੇ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਆਨਰੇਰੀ ਜਨਰਲ ਸਕੱਤਰ ਸ. ਹਰਸ਼ਰਨ ਸਿੰਘ ਨਰੂਲਾ, ਮੈਂਬਰ ਸ. ਹਰਦੀਪ ਸਿੰਘ ਵਾਈਸ ਪ੍ਰੈਸੀਡੈਂਟ ਸ. ਕੁਲਦੀਪ ਸਿੰਘ, ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਸੁਸ਼ਮਿੰਦਰਜੀਤ ਕੌਰ, ਸ਼ਾਇਰ ਤ੍ਰੈਲੋਚਨ ਲੋਚੀ , ਡਾ. ਗੁਰਚਰਨ ਕੌਰ ਕੋਚਰ, ਰਜਿੰਦਰ ਸਿੰਘ ਸੰਧੂ ਤੇ ਵੱਖ ਵੱਖ ਵਿਭਾਗਾਂ ਤੋਂ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀ ਉਚੇਚੇ ਤੌਰ 'ਤੇ ਹਾਜ਼ਰ ਰਹੇ।ਪ੍ਰੋਗਰਾਮ ਦਾ ਸੰਚਾਲਨ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਕੋਆਰਡੀਨੇਟਰ ਡਾ. ਤੇਜਿੰਦਰ ਕੌਰ ਵੱਲੋਂ ਕੀਤਾ ਗਿਆ।

## ਮੁੱਖ ਮੰਤਰੀ ਸਿਹਤ ਯੋਜਨਾ ਲਈ ਜ਼ਿਲ੍ਹਾ ਪ੍ਰਸ਼ਾਸਨ 100 ਪ੍ਰਤੀਸ਼ਤ ਕਵਰੇਜ ਪ੍ਰਾਪਤ ਕਰਨ ਲਈ ਵਿਆਪਕ ਨਾਮਾਂਕਣ ਕੈਂਪ ਸ਼ੁਰੂ ਕਰੇਗਾ: ਡੀ.ਸੀ ਹਿਮਾਂਸ਼ੂ ਜੈਨ*

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 18 ਅਪ੍ਰੈਲ:ਲੁਧਿਆਣਾ ਦੇ ਹਰੇਕ ਨਿਵਾਸੀ ਨੂੰ ਯੂਨੀਵਰਸਲ ਕੈਸ਼ਲੈੱਸ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਇੱਕ ਵੱਡੀ ਕੋਸ਼ਿਸ਼ ਵਜੋਂ ਜ਼ਿਲ੍ਹਾ ਪ੍ਰਸ਼ਾਸਨ ਮੁੱਖ ਮੰਤਰੀ ਸਿਹਤ ਯੋਜਨਾ ਦੇ ਤਹਿਤ ਜ਼ਿਲ੍ਹੇ ਭਰ ਵਿੱਚ ਵਿਆਪਕ ਨਾਮਾਂਕਣ ਕੈਂਪ ਲਗਾਉਣ ਦੀ ਤਿਆਰੀ ਕਰ ਰਿਹਾ ਹੈ।

ਇਸ ਸਾਲ 22 ਜਨਵਰੀ ਨੂੰ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ, ਭਾਰਤ ਵਿੱਚ ਇੱਕ ਮੋਹਰੀ ਅਤੇ ਆਪਣੀ ਕਿਸਮ ਦੀ ਪਹਿਲੀ ਯੂਨੀਵਰਸਲ ਸਿਹਤ ਬੀਮਾ ਯੋਜਨਾ ਹੈ। ਇਹ ਹਰੇਕ ਪੰਜਾਬੀ ਪਰਿਵਾਰ ਨੂੰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਬਿਨਾਂ ਕਿਸੇ ਆਮਦਨ ਸੀਮਾ ਜਾਂ ਬਾਹਰ ਕੱਢਣ ਦੇ ਮਾਪਦੰਡ ਦੇ ਪ੍ਰਦਾਨ ਕਰਦੀ ਹੈ।

ਜ਼ਿਲ੍ਹਾ ਪੱਧਰੀ ਮੁਹਿੰਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਲੁਧਿਆਣਾ ਦੇ ਹਰ ਪਰਿਵਾਰ ਨੂੰ ਇਸ ਪਰਿਵਰਤਨਸ਼ੀਲ ਯੋਜਨਾ ਦੇ ਤਹਿਤ ਨਾਮਾਂਕਣ ਕੀਤਾ ਜਾਵੇ ਤਾਂ ਜੋ ਸਿਹਤ ਐਮਰਜੈਂਸੀ ਦੌਰਾਨ ਕਿਸੇ ਵੀ ਨਿਵਾਸੀ ਨੂੰ ਜੇਬ ਤੋਂ ਬਾਹਰ ਦੇ ਡਾਕਟਰੀ ਖਰਚਿਆਂ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਸਿਹਤ ਯੋਜਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ:

*ਕਵਰੇਜ* –ਨਕਦੀ ਰਹਿਤ ਇਲਾਜ ਲਈ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਕੀਤਾ ਜਾਵੇਗਾ।

*ਨਕਦੀ ਰਹਿਤ ਅਤੇ ਕਾਗਜ਼ ਰਹਿਤ*: ਪੰਜਾਬ ਦੇ ਸਰਕਾਰੀ, ਨਿੱਜੀ ਅਤੇ ਵਿਸ਼ੇਸ਼ ਕੇਂਦਰਾਂ ਅਤੇ ਰਾਜ ਤੋਂ ਬਾਹਰ ਦੀਆਂ ਚੋਣਵੀਆਂ ਸਹੂਲਤਾਂ ਸਮੇਤ 800 ਤੋਂ ਵੱਧ ਸੂਚੀਬੱਧ ਹਸਪਤਾਲਾਂ ਵਿੱਚ ਬਿਨਾਂ ਕਿਸੇ ਅਗਾਊਂ ਭੁਗਤਾਨ ਦੇ ਇਲਾਜ ਸ਼ਾਮਲ ਹਨ।

*ਵਿਆਪਕ ਲਾਭ* – 2,500 ਤੋਂ ਵੱਧ ਡਾਕਟਰੀ ਪ੍ਰਕਿਰਿਆਵਾਂ ਅਤੇ ਪੈਕੇਜ ਜੋ ਵੱਡੀਆਂ/ਛੋਟੀਆਂ ਸਰਜਰੀਆਂ, ਗੰਭੀਰ ਬਿਮਾਰੀਆਂ (ਕੈਂਸਰ, ਕਾਰਡੀਓਲੋਜੀ, ਨਿਊਰੋਲੋਜੀ, ਡਾਇਲਸਿਸ, ਆਰਥੋਪੀਡਿਕਸ, ਆਦਿ), ਆਈ.ਸੀ.ਯੂ ਦੇਖਭਾਲ, ਡਾਇਗਨੌਸਟਿਕਸ, ਦਵਾਈਆਂ, ਡੇਅਕੇਅਰ ਪ੍ਰਕਿਰਿਆਵਾਂ, ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ 3 ਦਿਨ ਅਤੇ ਹਸਪਤਾਲ ਵਿੱਚ ਭਰਤੀ ਹੋਣ ਤੋਂ ਬਾਅਦ 15 ਦਿਨਾਂ ਦੇ ਖਰਚਿਆਂ ਨੂੰ ਕਵਰ ਕਰਦੇ ਹਨ, ਜਿਸ ਵਿੱਚ ਫਾਲੋ-ਅੱਪ ਦਵਾਈਆਂ ਸ਼ਾਮਲ ਹਨ।

## ਪ੍ਰੈੱਸ ਕਲੱਬ ਬਠਿੰਡਾ ਦਿਹਾਤੀ (ਰਜਿ) ਦੀ ਹੋਈ ਮਹੀਨਾਵਾਰ ਮੀਟਿੰਗ

### ਅੱਖਾਂ ਦੇ ਮੁਫਤ ਜਾਂਚ ਕੈਂਪ ਲਗਾਉਣ ਦੇ ਮਤੇ ਦੇ ਨਾਲ ਨਾਲ ਵਿਚਾਰੇ ਗਏ ਕਈ ਅਹਿਮ ਸਮਜਿਕ ਮੁੱਦੇ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ




ਬਠਿੰਡਾ 18 ਅਪ੍ਰੈਲ : ਪ੍ਰੈੱਸ ਕਲੱਬ ਬਠਿੰਡਾ ਦਿਹਾਤੀ (ਰਜਿ) ਦੀ ਮਹੀਨਾਵਾਰ ਮੀਟਿੰਗ ਅੱਜ ਟੀਚਰਜ਼ ਹੋਮ ਬਠਿੰਡਾ ਵਿਖੇ ਕਲੱਬ ਪ੍ਰਧਾਨ ਗੁਰਜੀਤ ਚੌਹਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਕਈ ਅਹਿਮ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਦੱਸਣਾ ਬਣਦਾ ਹੈ ਕਿ ਲੋਕਤੰਤਰ ਦਾ ਚੌਥਾ ਸਤੰਭ ਹੋਣ ਦੀ ਆਪਣੀ ਨੈਤਿਕ ਜ਼ਿੰਮੇਵਾਰੀ ਦੇ ਨਾਲ ਨਾਲ ਸਮਾਜ ਭਲਾਈ ਕਾਰਜਾਂ ਨੂੰ ਆਪਣਾ ਫ਼ਰਜ਼ ਸਮਝਣ ਵਾਲ਼ਾ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਅੱਜ ਕਿਸੇ ਜਾਣ ਪਛਾਣ ਦਾ ਮੌਹਤਾਜ਼ ਨਹੀਂ । ਦਿਨੋਂ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਸ਼ੁੱਧ ਬਣਾਉਣ ਦੇ ਮੰਤਵ ਨਾਲ ਇਸ ਕਲੱਬ ਦੇ ਮੈਂਬਰਾਂ ਵੱਲੋਂ ਹੁਣ ਤੱਕ ਸੈਂਕੜੇ ਛਾਂਦਾਰ ਬੂਟੇ ਨਾ ਸਿਰਫ ਲਗਾਏ ਹੀ ਗਏ ਹਨ ਬਲਕਿ ਉਹਨਾਂ ਨੂੰ ਲਗਾਤਰ ਪਾਲਿਆ ਵੀ ਜਾ ਰਿਹਾ ਹੈ। ਇਸਤੋਂ ਇਲਾਵਾ ਇਸ ਕਲੱਬ ਵੱਲੋਂ ਆਸ ਪਾਸ ਦੇ ਪਿੰਡਾਂ ਵਿੱਚ ਕਈ ਵਾਰ ਖ਼ੂਨਦਾਨ ਅਤੇ ਅੱਖਾਂ ਦੇ ਜਾਂਚ ਕੈਂਪ ਵੀ ਲਗਾਏ ਜਾ ਚੁੱਕੇ ਹਨ।

ਇਸੇ ਲੜੀ ਨੂੰ ਅੱਗੇ ਵਧਾਉਂਦੇ ਹੋਏ ਅੰਜ ਦੀ ਇਸ ਮੀਟਿੰਗ ਦੌਰਾਨ ਆਉਂਦੀ 28 ਅਪ੍ਰੈਲ ਨੂੰ ਸੇਂਟ ਜੇਵੀਅਰ ਸਕੂਲ਼ ਗੁਰਥੜੀ ਵਿਖੇ ਅੱਖਾਂ ਦੇ ਮੁਫ਼ਤ ਜਾਂਚ ਕੈਂਪ ਲਗਾਉਣ ਸਬੰਧੀ ਮਤਾ ਪਾਇਆ ਗਿਆ ਜਿਸਨੂੰ ਸਮੂੰਹ ਮੈਂਬਰਾਂ ਵੱਲੋਂ ਪ੍ਰਵਾਨਗੀ ਦਿੱਤੀ ਗਈ। ਪ੍ਰੈੱਸ ਕਲੱਬ ਬਠਿੰਡਾ ਦਿਹਾਤੀ (ਰਜਿ) ਦੀਆਂ ਗਤੀਵਿਧੀਆਂ ਤੋਂ ਪ੍ਰਭਾਵਿਤ ਹੁੰਦਿਆਂ ਅੱਜ ਟਾਪ ਨਿਊਜ਼ ਚੈਨਲ ਦੇ ਐਂਕਰ ਮੈਡਮ ਮਨਰਾਜ ਕੌਰ ਨੇ ਕਲੱਬ ਚ ਸ਼ਾਮਿਲ ਹੋਣ ਦੀ ਇੱਛਾ ਜ਼ਾਹਰ ਕੀਤੀ ਜਿਸਨੂੰ ਸਮੂਹ ਮੈਂਬਰ ਸਹਿਬਾਨਾਂ ਨੇ ਪ੍ਰਵਾਨ ਕਰਦਿਆਂ ਮੈਡਮ ਨੂੰ ਕਲੱਬ ਚ ਜੀ ਆਇਆਂ ਆਖਿਆ।

ਅੱਜ ਦੀ ਇਸ ਮੀਟਿੰਗ ਵਿੱਚ ਪ੍ਰਧਾਨ ਸ੍ਰੀ ਗੁਰਜੀਤ ਚੌਹਾਨ ਤੋਂ ਇਲਾਵਾ ਕਲੱਬ ਦੇ ਸਰਪ੍ਰਸਤ ਸ੍ਰ ਜਸਕਰਨ ਸਿੰਘ ਸਿਵੀਆਂ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਚਹਿਲ,ਜਨਰਲ ਸਕੱਤਰ ਸ੍ਰ ਸੁਰਿੰਦਰਪਾਲ ਸਿੰਘ ਖਾਲਸਾ ਬੱਲ੍ਹੂਆਂਣਾ , ਖ਼ਜਾਨਚੀ ਸ੍ਰੀ ਨਸੀਬ ਚੰਦ ਸ਼ਰਮਾ, ਕਲੱਬ ਦੇ ਸਲਾਹਕਾਰ ਸੀਨੀਅਰ ਪੱਤਰਕਾਰ ਸੱਤਪਾਲ ਮਾਨ ਸੁਖਵਿੰਦਰ ਸਿੰਘ ਸਰਾਂ,ਸ੍ਰ ਜਸਵੀਰ ਸਿੰਘ ਆਦਿ ਪੱਤਰਕਾਰਾਂ ਨੇ ਸ਼ਮੂਲੀਅਤ ਕੀਤੀ।

ਵਰਲਡ ਪੰਜਾਬੀ ਟਾਈਮਜ਼ 18 ਅਪ੍ਰੈਲ 2026 ਦਿਨ ਸ਼ਨੀਵਾਰ

## ਸਟੇਟ ਐਵਾਰਡੀ ਦੇਵਿੰਦਰ ਪਾਲ ਸਿੰਘ ਨੇ ਨਾਇਬ ਸਿੰਘ ਸੈਣੀ ਮੁੱਖ ਮੰਤਰੀ ਹਰਿਆਣਾ ਨਾਲ ਮੁਲਾਕਾਤ ਕੀਤੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 18 ਅਪ੍ਰੈਲ : ਪੰਜਾਬ ਅਨਏਡਿਡ ਕਾਲਜਾ ਦੇ ਕਨਵੀਨੀਅਰ ਦੇਵਿੰਦਰ ਪਾਲ ਸਿੰਘ ਨੇ ਨਾਇਬ ਸਿੰਘ ਸੈਣੀ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਕਾਲਜਾ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ। ਇਸ ਮੁਲਾਕਾਤ ਦਾ ਪਰਬੰਧ ਵਾਸੂ ਸ਼ਰਮਾ ਚੇਅਰਮੈਨ ਚੰਡੀਗੜ੍ਹ ਇਮੀਗ੍ਰੇਸ਼ਨ ਦੇ ਯਤਨਾਂ ਸਦਕਾ ਹੋਇਆ ਦਵਿੰਦਰ ਪਾਲ ਸਿੰਘ ਨੇ ਮੁੱਖ ਮੰਤਰੀ ਜੀ ਨੂੰ ਦੱਸਿਆ ਕਿ ਬਹੁਤੇ ਐਸ ਸੀ ਵਿਦਿਆਰਥੀਆਂ ਸੋਕੋਲਰਸ਼ਿਪ ਮਿਲਣ ਤੋਂ ਬਾਅਦ ਕਾਲਜ ਛੱਡ ਦਿੰਦੇ ਹਨ ਜਿਸ ਨਾਲ ਪ੍ਰਾਈਵੇਟ ਕਾਲਜਾਂ ਦਾ ਮਾਲੀ ਨੁਕਸਾਨ ਹੁੰਦਾ ਹੈ ਤੇ ਨਾਲ ਹੀ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਮੁਫ਼ਤ ਪੜ੍ਹਾਈ ਕਰਵਾਉਣ ਦੇ ਮਕਸਦ ਨੂੰ ਵੀ ਢਾਅ ਲਗਦੀ ਹੈ। ਦੂਸਰਾ ਮੁੱਦਾ ਓਨਾ ਨੇ ਸਕਿਲਡ ਡਿਵੈੱਲਮੈਂਟ ਦਾ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਇਸ ਸਕੀਮ ਤਹਿਤ ਕਰੋੜਾਂ ਰੁਪਏ ਆ ਰਹੇ ਹਨ ਪਰੰਤੂ ਉਸ ਦਾ ਲਾਭ ਆਮ ਲੋਕਾਂ ਤੱਕ ਨਹੀਂ ਪਹੁੰਚ ਰਿਹਾ। ਮੁੱਖ ਮੰਤਰੀ ਜੀ ਨੂੰ ਬੇਨਤੀ ਕੀਤੀ ਕਿ ਜੇ ਸਕੀਮ ਇੰਜੀਨੀਅਰਿੰਗ ਕਾਲਜਾਂ ਰਾਹੀ ਲੋਕਾਂ ਤੱਕ ਪਹੁੰਚਾਈ ਜਾਵੇ ਤਾਂ ਇਸ ਦਾ ਲਾਭ ਦੇ ਲੋਕਾਂ ਨੂੰ ਮਿਲੇਗਾ। ਅੱਜ ਪੰਜਾਬ ਅੰਦਰ ਪਲੰਬਰ , ਮੋਟਰ ਮਕੈਨਿਕ, ਏ ਸੀ ਮਕੈਨਿਕ , ਕਾਰਪੇਂਟਰ ਅਤੇ ਹੋਰ ਬਹੁਤ ਸਾਰੇ ਮਕੈਨਿਕਾ ਦੀ ਜ਼ਰੂਰਤ ਹੈ ਜੋ ਇਸ ਸਕੀਮ ਅਧੀਨ ਤਿਆਰ ਕੀਤੇ ਜਾ ਸਕਦੇ ਹਨ। ਮੁੱਖ ਮੰਤਰੀ ਜੀ ਨੇ ਕਿਹਾ ਕਿ ਮੈਂ ਇਹ ਮੁੱਦੇ ਨੂੰ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਇਸ ਮਸਲੇ ਦੇ ਜਲਦੀ ਹੱਲ ਲਈ ਕੋਸ਼ਿਸ਼ ਕਰਾਂਗਾ ।ਦਵਿੰਦਰ ਪਾਲ ਸਿੰਘ ਨੇ ਮੁੱਖ ਮੰਤਰੀ ਜੀ ਦਾ ਧੰਨਵਾਦ ਕੀਤਾ।

## ਪੱਤਰਕਾਰ ਸੁਰਿੰਦਰਪਾਲ ਸਿੰਘ ਬੱਲੂਆਣਾ ਨੇ ਕੀਤਾ 52ਵੀਂ ਵਾਰ ਖ਼ੂਨਦਾਨ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ 18 ਅਪ੍ਰੈਲ : ਅੱਜ ਦੇ ਇਸ ਸਵਾਰਥ ਭਰੇ ਸਮੇਂ ਵਿੱਚ ਜਿੱਥੇ ਹੱਥ ਨੂੰ ਹੱਥ ਖਾ ਰਿਹਾ ਹੈ ਅਤੇ ਲੋੜ ਪੈਣ ਤੇ ਆਪਣੇ ਖੂਨ ਦੇ ਰਿਸ਼ਤੇ ਵੀ ਅਕਸਰ ਮੂੰਹ ਮੋੜ ਜਾਂਦੇ ਹਨ ਪਰ ਅੱਜ ਦੇ ਇਸ ਸਮੇਂ ਵਿੱਚ ਵੀ ਕੁੱਝ ਅਜਿਹੇ ਲੋਕ (ਵਿਰਲੇ) ਮਿਲਦੇ ਹਨ ਜਿਹੜੇ ਨਿਸਵਾਰਥ ਭਾਵਨਾ ਨਾਲ ਸਮਾਜ ਸੇਵਾ ਨੂੰ ਮਹੱਤਵ ਦਿੰਦੇ ਹਨ। ਕੁੱਝ ਐਸੀ ਹੀ ਮਿਸਾਲ ਹੈ ਪੱਤਰਕਾਰ ਸੁਰਿੰਦਰਪਾਲ ਸਿੰਘ ਖਾਲਸਾ ਬੱਲੂਆਣਾ। ਜ਼ਿਕਰਯੋਗ ਹੈ ਕਿ ਸੁਰਿੰਦਰ ਪਾਲ ਸਿੰਘ ਬੱਲੂਆਣਾ ਨੇ ਖਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ ਸ਼ਹੀਦ ਜਰਨੈਲ ਸਿੰਘ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਗੋਗਾ ਦੀ ਅਗਵਾਈ ਹੇਠ ਸਰਕਾਰੀ ਬਲੱਡ ਬੈਂਕ ਬਠਿੰਡਾ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਹਾਜੀਰਤਨ ਵਿਖੇ ਲਾਏ ਗਏ ਕੈਂਪ ਵਿੱਚ 52ਵੀਂ ਵਾਰ ਖੂਨਦਾਨ ਕੀਤਾ ਹੈ। ਉਹਨਾਂ ਦੱਸਿਆ ਕਿ ਸਾਲ 2007 ਵਿੱਚ ਉਨ੍ਹਾਂ ਨੇ ਪਹਿਲੀ ਵਾਰ ਖੂਨਦਾਨ ਕੀਤਾ ਸੀ। ਉਹਨਾਂ ਕਿਹਾ ਕਿ ਸਾਨੂੰ ਸਾਰੇ ਤੰਦਰੁਸਤ ਵਿਅਕਤੀਆਂ ਨੂੰ ਸਾਲ ਵਿੱਚ 3 ਤੋਂ 4 ਵਾਰ ਜਰੂਰ ਖੂਨਦਾਨ ਕਰਨਾ ਚਾਹੀਦਾ ਹੈ ਕਿਉਂਕਿ ਖੂਨ ਦਾਨ ਕਰਨ ਨਾਲ ਕਿਸੇ ਵਿਅਕਤੀ ਦੀ ਜਾਨ ਬਚ ਜਾਂਦੀ ਹੈ ਅਤੇ ਸਰੀਰ ਵੀ ਤੰਦਰੁਸਤ ਰਹਿੰਦਾ ਹੈ।ਸੁਰਿੰਦਰ ਪਾਲ ਸਿੰਘ ਪੱਤਰਕਾਰਤਾ ਦੇ ਨਾਲ ਨਾਲ ਮੌਜੂਦਾ ਸਮੇਂ ਪ੍ਰੈਸ ਕਲੱਬ ਬਠਿੰਡਾ ਦਿਹਾਤੀ (ਰਜਿ)ਦੇ ਜਰਨਲ ਸਕੱਤਰ,ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਮਾਜਿਕ ਵਿੰਗ ਵਿੱਚ ਐਡੀਸ਼ਨਲ ਸਕੱਤਰ,ਅੱਪੂ ਸੁਸਾਇਟੀ ਬਠਿੰਡਾ ਤੇ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਵਿੱਚ ਸੇਵਾਵਾਂ ਨਿਭਾ ਰਹੇ ਹਨ।

## ਸਿੱਖ ਕੌਮ ਦੇ ਦੋ ਤਖ਼ਤਾਂ 'ਤੇ ਕਾਬਜ ਹੋ ਚੁੱਕੀ ਭਾਜਪਾ...

ਵਰਲਡ ਪੰਜਾਬੀ ਟਾਈਮਜ਼ ਰਣਜੀਤ ਸਿੰਘ ਦਮਦਮੀ ਟਕਸਾਲ

ਸਿੱਖ ਕੌਮ ਦੇ ਗੁਰਧਾਮਾਂ ਅਤੇ ਤਖ਼ਤਾਂ 'ਤੇ ਸਰਕਾਰਾਂ ਦੀ ਦਖ਼ਲ-ਅੰਦਾਜੀ ਐਨੀ ਵੱਧ ਚੁੱਕੀ ਹੈ ਕਿ ਜੋ ਸਿੱਖ ਕੌਮ ਦੀ ਖ਼ੁਆਰੀ ਦਾ ਕਾਰਨ ਬਣੀ ਹੋਈ ਹੈ। ਇਹਨਾਂ ਗੁਰਦੁਆਰਿਆਂ, ਗੁਰਧਾਮਾਂ ਤੇ ਤਖ਼ਤਾਂ ਤੋਂ ਸਿੱਖੀ ਪ੍ਰਚਾਰ, ਪੰਥ ਦੀ ਅਗਵਾਈ ਤੇ ਸਿੱਖ ਸੰਘਰਸ਼ ਦੀ ਗੱਲ ਚੱਲਣੀ ਸੀ ਪਰ ਹਕੂਮਤਾਂ, ਸਰਕਾਰਾਂ ਤੇ ਸਿਆਸੀ ਆਗੂਆਂ ਨੇ ਇਹਨਾਂ ਨੂੰ ਅਸਿੱਧੇ ਢੰਗ ਨਾਲ ਆਪਣੇ ਅਧੀਨ ਕਰ ਲਿਆ ਹੈ। ਪੰਜ ਤਖ਼ਤਾਂ ਵਿੱਚੋਂ ਪੰਜਾਬ ਵਿਚਲੇ ਤਿੰਨ ਤਖ਼ਤਾਂ (ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ) 'ਤੇ ਬਾਦਲ ਜੁੰਡਲੀ ਕਾਬਜ ਹੈ ਅਤੇ ਮਹਾਂਰਾਸ਼ਟਰ 'ਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਬਿਹਾਰ 'ਚ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਭਾਜਪਾ/ਆਰ.ਐਸ.ਐਸ. ਹਾਵੀ ਹੋਈ ਪਈ ਹੈ।

ਇਹਨਾਂ ਤਖ਼ਤਾਂ ਤੋਂ ਸਿਆਸੀ ਪ੍ਰਭਾਵ ਅਧੀਨ ਸਮੇਂ-ਸਮੇਂ ਉੱਤੇ ਕੁਝ ਅਜਿਹੀਆਂ ਕਾਰਵਾਈਆਂ, ਸੰਦੇਸ਼, ਬਿਆਨ, ਹੁਕਮਨਾਮੇ ਅਤੇ ਹੋਰ ਸਰਗਰਮੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਵੇਖ ਕੇ ਸੰਗਤ ਹੱਕੀ-ਬੱਕੀ ਤੇ ਹੈਰਾਨ-ਪ੍ਰੇਸ਼ਾਨ ਹੋ ਜਾਂਦੀ ਹੈ। ਪੰਥਪ੍ਰਸਤ, ਖ਼ਾਲਸਾਈ ਵਿਚਾਰਧਾਰਾ ਦੇ ਪਹਿਰੇਦਾਰ ਅਤੇ ਖ਼ਾਲਿਸਤਾਨੀ ਸਿੰਘ ਇਸ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਹਨ ਅਤੇ ਤਖ਼ਤਾਂ ਦੀ ਸ਼ਾਨ, ਮਰਯਾਦਾ, ਸਿਧਾਂਤ, ਸਰਵਉੱਚਤਾ, ਅਜ਼ਾਦ ਹੋਂਦ-ਹਸਤੀ ਅਤੇ ਨਿਆਰੇਪਨ ਨੂੰ ਬਚਾਉਣ ਦਾ ਪੂਰਾ ਯਤਨ ਕਰਦੇ ਹਨ ਪਰ ਤਖ਼ਤਾਂ 'ਤੇ ਸੇਵਾ ਨਿਭਾ ਰਹੇ ਧਾਰਮਿਕ ਆਗੂਆਂ, ਜਥੇਦਾਰਾਂ ਅਤੇ ਹੋਰ ਪ੍ਰਬੰਧਕਾਂ ਵੱਲੋਂ ਪੰਥ ਦੀ ਗੱਲ ਸੁਣਨ ਦੀ ਬਜਾਏ ਸਰਕਾਰਾਂ ਦੀ 'ਜੀ-ਹਜ਼ੂਰੀ' ਕੀਤੀ ਜਾਂਦੀ ਹੈ ਜਿਸ ਨੂੰ ਕੋਈ ਵੀ ਸੱਚਾ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ।

ਇਹ ਗੱਲ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ ਕਿ ਬਾਦਲਕਿਆਂ ਨੇ ਆਪਣੀ ਸਿਆਸਤ ਚਮਕਾਉਣ ਲਈ ਜਥੇਦਾਰਾਂ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਿੰਨੀ ਦੁਰਵਰਤੋਂ ਕੀਤੀ, ਜਥੇਦਾਰ ਦੇ ਅਹੁਦੇ ਦਾ ਸਤਿਕਾਰ ਰੋਲ ਦਿੱਤਾ, ਹੁਕਮਨਾਮਿਆਂ ਦੀ ਮਹਾਨ ਪ੍ਰੰਪਰਾ ਨੂੰ ਸੱਟ ਮਾਰੀ ਅਤੇ ਇਲਾਹੀ ਸੰਦੇਸ਼-ਫੁਰਮਾਨ ਨੂੰ ਆਪਣੀ ਚੰਡੀਗੜ੍ਹ ਕੋਠੀ ਤੋਂ ਆਇਆ ਸਿਆਸੀ ਹੁਕਮ ਬਣਾ ਦਿੱਤਾ ਸੀ। ਡੇਰਾ ਸਿਰਸਾ ਮੁਖੀ ਨੂੰ ਮਾਫ਼ੀ ਦੇਣੀ ਅਤੇ ਪੰਥਪ੍ਰਸਤ ਗੁਰਸਿੱਖਾਂ ਨੂੰ ਸ਼ਰਾਰਤੀ ਦੱਸਣਾ ਇਹ ਬਾਦਲਾਂ ਦੇ ਕਾਰੇ ਸਨ ਜਿਸ ਦੇ ਖ਼ਿਲਾਫ਼ ਪੰਥ ਨੂੰ ਕਈ ਵਾਰ ਸੜਕਾਂ 'ਤੇ ਉੱਤਰਨਾ ਪਿਆ ਤੇ ਖ਼ਾਲਸਈ ਜਜ਼ਬੇ ਨੇ ਬਾਦਲਾਂ ਤੇ ਜਥੇਦਾਰਾਂ ਨੂੰ ਝੁਕਣ ਲਈ ਮਜਬੂਰ ਕੀਤਾ। ਬਾਦਲਾਂ ਨੇ ਹਲਾਤ ਇਸ ਤਰ੍ਹਾਂ ਦੇ ਬਣਾ ਦਿੱਤੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲੋਕ ਬਾਦਲਾਂ ਦਾ ਜਥੇਦਾਰ ਆਖਦੇ ਹਨ।

ਪੰਥ ਨੂੰ ਲੱਗਦਾ ਸੀ ਕਿ ਇੱਥੇ ਤਿੰਨ ਤਖ਼ਤਾਂ ਉੱਤੇ ਤਾਂ ਬਾਦਲਕੇ ਅਜਗਰ ਵਾਂਗ ਲਪੇਟੇ ਮਾਰ ਕੇ ਆਪਣੀ ਧੌਂਸ ਜਮਾਈ ਬੈਠੇ ਹਨ ਤੇ ਪੰਜਾਬ ਤੋਂ ਬਾਹਰ ਦੋਨਾਂ ਤਖ਼ਤਾਂ ਤੋਂ ਠੰਢੀ ਹਵਾ ਦੇ ਬੁੱਲੇ ਆਉਣਗੇ, ਪੰਥ ਨੂੰ ਨਰੋਈ ਸੇਧ ਮਿਲੇਗੀ, ਖ਼ਾਲਸਈ ਸਿਧਾਂਤਾਂ ਦੀ ਗੱਲ ਚੱਲੇਗੀ ਪਰ ਓਥੇ ਤਾਂ ਬਾਦਲਾਂ ਨਾਲੋਂ ਵੀ ਚਾਰ ਰੱਤੀਆਂ ਵੱਧ ਭਾਜਪਾਈ ਡੇਰੇ ਲਾਈ ਬੈਠੇ ਹਨ ਜੋ ਵੱਖਰੀ ਸਿੱਖ ਕੌਮ ਨੂੰ ਹਿੰਦੂਤਵ ਵਿੱਚ ਜਜ਼ਬ ਕਰਨਾ ਚਾਹੁੰਦੇ ਹਨ। ਭਾਜਪਾ ਦਾ ਜ਼ੋਰ ਲੱਗਿਆ ਪਿਆ ਹੈ ਕਿ ਸਿੱਖ ਕੌਮ ਦੇ ਭਗਤੀ-ਸ਼ਕਤੀ ਦੇ ਪ੍ਰਤੀਕ ਇਹਨਾਂ ਸਭ ਤਖ਼ਤਾਂ ਨੂੰ ਕੇਵਲ ਪੂਜਾ ਸਥਾਨਾਂ ਤਕ ਹੀ ਸੀਮਿਤ ਰੱਖਣਾ ਹੈ ਤੇ ਇੱਥੇ ਕੁਝ ਅਜਿਹੀਆਂ ਸਰਗਰਮੀਆਂ ਅਤੇ ਤਕਰੀਰਾਂ ਕਰਵਾ ਕੇ ਸਮੁੱਚੀ ਸਿੱਖ ਕੌਮ ਨੂੰ ਸੰਤਾਪ ਦੇਣਾ ਹੈ ਤੇ ਦੱਸਣਾ ਹੈ ਕਿ ਸਿੱਖੋ ਤੁਸੀਂ ਘਿਰ ਚੁੱਕੇ ਹੋ, ਸਾਡੇ ਈਨ ਮੰਨ ਲਵੋ, ਨਹੀਂ ਤਾਂ ਫਿਰ ਇਹਨਾਂ ਤਖ਼ਤਾਂ ਤੋਂ ਹੀ ਤੁਹਾਡੇ ਵਿਰੁੱਧ ਹੁਕਮਨਾਮੇ ਅਤੇ ਹੋਰ ਕਾਰਵਾਈਆਂ ਕਰਵਾਵਾਂਗੇ।

ਪਿਛਲੇ ਮਹੀਨੇ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਬਾਬਾ ਹਰਨਾਮ ਸਿੰਘ ਧੁੰਮਾ ਨੇ ਉਹਨਾਂ ਪੰਥਪ੍ਰਸਤ ਸਿੱਖਾਂ ਖ਼ਿਲਾਫ਼ ਸੰਦੇਸ਼ ਜਾਰੀ ਕਰਵਾਇਆ ਸੀ ਜੋ ਭਾਜਪਾ ਅਤੇ ਹਿੰਦੂ ਕਰਮ-ਕਾਂਡਾਂ ਦਾ ਵਿਰੋਧ ਕਰਦੇ ਸਨ ਅਤੇ ਸਿੱਖ ਕੌਮ ਦੀ ਅਜ਼ਾਦੀ ਲਈ ਸੰਘਰਸ਼ ਤੇ ਦਮਦਮੀ ਟਕਸਾਲ ਦੀ ਸ਼ਾਨ ਬਚਾਉਣ ਦਾ ਦਰਦ ਰੱਖਦੇ ਸਨ। ਬਾਦਲਾਂ ਵਾਂਗ ਹੀ ਬਾਬਾ ਧੁੰਮਾਂ ਵੱਲੋਂ ਤਖ਼ਤ ਸਾਹਿਬ ਦੀ ਦੁਰਵਰਤੋਂ ਕੀਤੀ ਗਈ ਸੀ ਤੇ ਸੰਦੇਸ਼ ਰਾਹੀਂ ਪੰਥ ਦਰਦੀ ਗੁਰਸਿੱਖਾਂ ਦੀਆਂ ਜ਼ੁਬਾਨਾਂ ਬੰਦ ਕਰਵਾਉਣ ਦੇ ਯਤਨ ਕੀਤੇ ਗਏ ਸਨ ਜਿਸ ਦੇ ਸਿੱਟੇ ਹੁਣ ਬੇਹੱਦ ਘਾਤਕ ਨਿਕਲ ਰਹੇ ਹਨ। ਮਿਤੀ 15 ਅਪ੍ਰੈਲ 2026 ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸ਼ਾਮ ਨੂੰ ਕਥਾ ਕਰਦਿਆਂ ਕਥਾਵਾਚਕ ਗਿਆਨੀ ਸਤਨਾਮ ਸਿੰਘ ਨੇ ਬੀਜੇਪੀ ਸਰਕਾਰ ਦੇ ਪੂਰੇ ਸੋਹਿਲੇ ਗਾਏ ਹਨ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਤੁਲਨਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਕੀਤੀ ਹੈ ਅਤੇ ਭਾਜਪਾ ਦੀ ਹਕੂਮਤ ਸਦਾ ਕਾਇਮ ਰਹੇ ਦੀਆਂ ਅਰਦਾਸਾਂ ਵੀ ਕੀਤੀਆਂ ਹਨ ਤੇ ਭਾਜਪਾ ਆਗੂਆਂ ਦੇ ਨਮਿੱਤ ਜੈਕਾਰੇ ਵੀ ਛੱਡੇ ਹਨ।

ਸਿੱਖ ਕੌਮ ਲਈ ਇਸ ਤੋਂ ਵੱਡੀ ਤ੍ਰਾਸਦੀ ਕੀ ਹੋ ਸਕਦੀ ਹੈ ਕਿ ਜਿਨ੍ਹਾਂ ਤਖ਼ਤ ਸਾਹਿਬਾਨਾਂ ਤੋਂ ਪ੍ਰਭੂਸੱਤਾ ਸੰਪੰਨ ਆਜ਼ਾਦ ਖ਼ਾਲਸਾ ਰਾਜ (ਖ਼ਾਲਿਸਤਾਨ) ਦੀ ਸਿਰਜਣਾ ਲਈ ਅਰਦਾਸਾਂ ਹੋਣੀਆਂ ਚਾਹੀਦੀਆਂ ਸਨ, ਪੰਥ ਦੋਖੀ ਭਾਜਪਾ ਅਤੇ ਆਰ.ਐਸ.ਐਸ. ਖ਼ਿਲਾਫ਼ ਹੁਕਮਨਾਮੇ ਜਾਰੀ ਹੋਣੇ ਚਾਹੀਦੇ ਸਨ, ਸਰਕਾਰਾਂ ਦੇ ਜ਼ੁਲਮ ਖ਼ਿਲਾਫ਼ ਆਵਾਜ਼ ਉੱਠਣੀ ਚਾਹੀਦੀ ਸੀ, ਸਿੱਖ ਕੌਮ ਉੱਤੇ ਹੋ ਰਹੇ ਸਿਧਾਂਤਕ ਅਤੇ ਸਰੀਰਕ ਹਮਲਿਆਂ ਦਾ ਜਵਾਬ ਦੇਣਾ ਚਾਹੀਦਾ ਸੀ, ਪੰਥ-ਪ੍ਰਸਤ ਸਿੱਖ ਆਗੂਆਂ ਨੂੰ ਸਨਮਾਨ ਮਿਲਣਾ ਚਾਹੀਦਾ ਸੀ ਓਥੇ ਤਾਂ ਇਸਦੇ ਬਿਲਕੁਲ ਉਲਟ ਭਾਜਪਾ/ਹਿੰਦੂਤਵ ਦੀ ਬੋਲੀ ਬੋਲੀ ਜਾ ਰਹੀ ਹੈ ਜਿਸ ਤੋਂ ਸਪਸ਼ਟ ਹੈ ਕਿ ਸਾਡੇ ਤਖ਼ਤਾਂ ਉੱਤੇ ਭਾਜਪਾ ਹੁਣ ਸਿੱਧਮ-ਸਿੱਧਾ ਕਬਜਾ ਕਰ ਚੁੱਕੀ ਹੈ ਇਹ ਸਿੱਖ ਕੌਮ ਉੱਤੇ ਜੂਨ 1984 ਦੇ ਘੱਲੂਘਾਰੇ ਵਾਂਗ ਹੀ ਇੱਕ ਹਮਲਾ ਹੈ ਓਦੋਂ ਭਾਰਤੀ ਫ਼ੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਕਬਜਾ ਜਮਾਇਆ ਸੀ ਤੇ ਹੁਣ ਭਾਜਪਾ ਸਰਕਾਰ/ਭਗਵੇਂ ਬ੍ਰਿਗੇਡ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਉੱਤੇ ਸਿਆਸੀ ਅਤੇ ਸਿਧਾਂਤਕ ਹੱਲਾ ਕਰਕੇ ਸਿੱਖ ਕੌਮ ਨੂੰ ਵੱਡਾ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਖ਼ਾਲਸਾ ਪੰਥ ਸੁਚੇਤ ਅਤੇ ਹੋਸ਼ਿਆਰ ਹੋਵੇ, ਜੇ ਇਸ ਖ਼ਿਲਾਫ਼ ਝੰਡਾ ਨਾ ਚੁੱਕਿਆ ਤਾਂ ਇਹ ਸਾਡੇ ਤਖ਼ਤਾਂ ਨੂੰ ਮੰਦਰਾਂ ਵਿੱਚ ਤਬਦੀਲ ਕਰ ਦੇਣਗੇ।

## ਗੁਰੂ ਅੰਗਦ ਦੇਵ ਜੀ: ਗੁਰਮੁਖੀ ਦੇ ਜਨਮ-ਦਾਤੇ



ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ

"ਗੁਰ ਅੰਗਦ ਗੁਰੁ ਅਮਰੁ ਗੁਰੁ ਰਾਮਦਾਸੁ ਗੋਬਿੰਦ ਗਾਯਉ ॥" ਅੰਗ 1406

ਜਦੋਂ ਅਸੀਂ ਗੁਰਮੁਖੀ ਦਾ ੳ ਲਿਖਦੇ ਹਾਂ, ਤਾਂ ਅਸੀਂ ਅਣਜਾਣੇ ਵਿੱਚ ਹੀ ਗੁਰੂ ਅੰਗਦ ਦੇਵ ਜੀ ਦਾ ਨਾਮ ਜਪ ਲੈਂਦੇ ਹਾਂ। ਕਿਉਂਕਿ ਇਸ ਲਿਪੀ ਨੂੰ ਜਨਮ ਦੇਣ ਵਾਲੇ, ਇਸ ਨੂੰ ਨਵਾਂ ਜੀਵਨ ਦੇਣ ਵਾਲੇ ਉਹੀ ਸਨ।

ਗੁਰੂ ਨਾਨਕ ਦੇਵ ਜੀ ਦਾ ਹੁਕਮ

ਗੁਰੂ ਨਾਨਕ ਸਾਹਿਬ ਜੀ ਨੇ ਜਦੋਂ ਭਾਈ ਲਹਿਣਾ ਜੀ ਨੂੰ ਗੁਰਿਆਈ ਸੌਂਪੀ, ਤਾਂ ਨਾਲ ਇੱਕ ਵੱਡੀ ਜ਼ਿੰਮੇਵਾਰੀ ਵੀ ਸੌਂਪੀ — "ਗੁਰਬਾਣੀ ਨੂੰ ਸਾਂਭਣ ਦਾ ਵਸੀਲਾ ਪੈਦਾ ਕਰੋ।"

ਉਸ ਵੇਲੇ ਪੰਜਾਬ ਵਿੱਚ ਲੰਡੇ, ਮਹਾਜਨੀ, ਸ਼ਾਰਦਾ ਲਿਪੀਆਂ ਚਲਦੀਆਂ ਸਨ। ਪਰ ਉਨ੍ਹਾਂ ਵਿੱਚ ਨਾ ਸੁਰਾਂ ਪੂਰੀਆਂ ਸਨ, ਨਾ ਮਾਤਰਾਂ। ਰੱਬ ਦਾ ਨਾਮ ਲਿਖਣ ਲਈ ਅੱਖਰ ਹੀ ਮੁਕੰਮਲ ਨਹੀਂ ਸਨ।

ਗੁਰੂ ਨਾਨਕ ਜੀ ਨੇ ਭਾਈ ਲਹਿਣਾ ਜੀ ਦੀ ਪਰਖ ਕੀਤੀ — ਮੁਰਦਾ ਖਾਣ ਤੋਂ ਲੈ ਕੇ ਮਿੱਟੀ ਦੇ ਭਾਂਡੇ ਸਿਰ ਤੇ ਚੁੱਕਣ ਤੱਕ। ਜਦੋਂ ਉਹ ਹਰ ਪਰਖ ਵਿੱਚ ਪੂਰੇ ਉੱਤਰੇ, ਤਾਂ ਗੁਰੂ ਜੀ ਨੇ ਕਿਹਾ: "ਤੂੰ ਮੇਰਾ ਅੰਗ ਹੈਂ — ਤੂੰ ਅੰਗਦ ਹੈਂ।"

ਅੰਗਦ ਦਾ ਮਤਲਬ — ਆਪਣਾ ਹੀ ਅੰਗ। ਹੁਣ ਇਸ ਅੰਗ ਨੂੰ ਕੌਮ ਦੀ ਜ਼ੁਬਾਨ ਦੇਣੀ ਸੀ।

ਗੁਰੂ ਅੰਗਦ ਦੇਵ ਜੀ ਨੇ ਕੀ ਕੀਤਾ?

ਪਹਿਲਾ ਕੰਮ: ਲਿਪੀ ਨੂੰ ਸੁਧਾਰਿਆ ਤੇ ਨਾਮ ਦਿੱਤਾ
ਗੁਰੂ ਸਾਹਿਬ ਨੇ ਪ੍ਰਚਲਿਤ ਲਿਪੀਆਂ ਵਿੱਚੋਂ ਚੁਣ ਕੇ, ਵਾਧੇ-ਘਾਟੇ ਕੱਢ ਕੇ 35 ਅੱਖਰੀ ਤਿਆਰ ਕੀਤੀ। 9 ਲਗਾਂ-ਮਾਤਰਾਂ ਲਾਈਆਂ। ਹਰ ਧੁਨੀ ਲਈ ਅੱਖਰ ਬਣਾਇਆ।

ਤੇ ਫਿਰ ਇਸ ਨੂੰ ਨਾਮ ਦਿੱਤਾ — "ਗੁਰਮੁਖੀ"। ਭਾਵ ਗੁਰੂ ਦੇ ਮੁਖੋਂ ਨਿਕਲੀ। ਜਿਸ ਲਿਪੀ ਵਿੱਚ ਗੁਰੂ ਦਾ ਸਬਦ ਉਤਰੇਗਾ, ਉਹ ਸਾਧਾਰਨ ਕਿਵੇਂ ਰਹਿ ਸਕਦੀ ਸੀ?

ਦੂਜਾ ਕੰਮ: ਮੱਲ ਅਖਾੜੇ ਤੋਂ ਬਾਲ ਅਖਾੜੇ ਤੱਕ
ਗੁਰੂ ਸਾਹਿਬ ਖਡੂਰ ਸਾਹਿਬ ਵਿਖੇ ਮੱਲ ਅਖਾੜਾ ਚਲਾਉਂਦੇ ਸਨ — ਦੇਹ ਨੂੰ ਤਕੜਾ ਕਰਨ ਲਈ।
ਤੇ ਨਾਲ ਹੀ ਬਾਲ ਅਖਾੜਾ ਚਲਾਇਆ — ਬੱਚਿਆਂ ਨੂੰ ਗੁਰਮੁਖੀ ਸਿਖਾਉਣ ਲਈ।

"ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥" ਅੰਗ 356

ਗੁਰੂ ਸਾਹਿਬ ਜਾਣਦੇ ਸਨ — ਜੇ ਕੌਮ ਨੂੰ ਜਗਾਉਣਾ ਹੈ, ਤਾਂ ਬੱਚਿਆਂ ਦੀ ਜ਼ੁਬਾਨ ਤੇ ਗੁਰਮੁਖੀ ਚਾੜ੍ਹਨੀ ਪਵੇਗੀ।

ਤੀਜਾ ਕੰਮ: ਗੁਰਬਾਣੀ ਨੂੰ ਲਿਖਤੀ ਰੂਪ ਦੇਣਾ
ਗੁਰੂ ਨਾਨਕ ਦੇਵ ਜੀ ਦੀ ਬਾਣੀ, ਜੋ ਪਹਿਲਾਂ ਜ਼ੁਬਾਨੀ ਤੁਰੀ ਆਉਂਦੀ ਸੀ, ਗੁਰੂ ਅੰਗਦ ਦੇਵ ਜੀ ਨੇ ਆਪਣੇ ਹੱਥੀਂ ਗੁਰਮੁਖੀ ਵਿੱਚ ਲਿਖੀ।

ਭਾਈ ਬਾਲਾ ਸਾਖੀ, ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ — ਇਹ ਸਭ ਗੁਰਮੁਖੀ ਵਿੱਚ ਸਾਂਭੀ ਗਈ। ਜੇ ਅੱਜ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਜੀ ਹਨ, ਤਾਂ ਇਸ ਦਾ ਨੀਂਹ-ਪੱਥਰ ਗੁਰੂ ਅੰਗਦ ਦੇਵ ਜੀ ਨੇ ਰੱਖਿਆ ਸੀ।

ਗੁਰਮੁਖੀ ਕਿਉਂ ਜ਼ਰੂਰੀ ਸੀ?

ਇੱਕ ਕੌਮ, ਇੱਕ ਜ਼ੁਬਾਨ: ਜਿੰਨੇ ਮੂੰਹ, ਉਨੀਆਂ ਗੱਲਾਂ। ਗੁਰੂ ਸਾਹਿਬ ਨੇ ਸਭ ਨੂੰ ਇੱਕ ਲਿਪੀ ਦਿੱਤੀ — ਤਾਂ ਜੋ ਸਿੱਖ ਜਿੱਥੇ ਵੀ ਹੋਵੇ, ਗੁਰਬਾਣੀ ਪੜ੍ਹ ਸਕੇ।

ਗੁਲਾਮੀ ਤੋੜਨ ਦਾ ਹਥਿਆਰ: ਉਸ ਵੇਲੇ ਫਾਰਸੀ ਦਰਬਾਰੀ ਜ਼ੁਬਾਨ ਸੀ। ਸੰਸਕ੍ਰਿਤ ਬ੍ਰਾਹਮਣਾਂ ਦੀ। ਆਮ ਲੋਕ ਅਨਪੜ੍ਹ। ਗੁਰੂ ਸਾਹਿਬ ਨੇ ਲੋਕਾਂ ਦੀ ਜ਼ੁਬਾਨ ਨੂੰ ਲਿਪੀ ਦੇ ਕੇ ਉਨ੍ਹਾਂ ਨੂੰ ਤਾਕਤ ਦਿੱਤੀ।

ਬਾਣੀ ਦੀ ਸ਼ੁੱਧਤਾ: "ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥" ਅੰਗ 304

ਜੇ ਬਾਣੀ ਸਤਿ ਸਰੂਪ ਹੈ, ਤਾਂ ਉਸ ਨੂੰ ਲਿਖਣ ਵਾਲੇ ਅੱਖਰ ਵੀ ਪਵਿੱਤਰ ਹੋਣੇ ਚਾਹੀਦੇ ਸਨ। ਗੁਰਮੁਖੀ ਉਹ ਪਵਿੱਤਰ ਅੱਖਰ ਬਣੀ।

ਅੱਜ ਸਾਡਾ ਫਰਜ਼
ਗੁਰੂ ਅੰਗਦ ਦੇਵ ਜੀ ਨੇ 13 ਸਾਲ ਗੁਰਿਆਈ ਕੀਤੀ। ਇਸ ਥੋੜ੍ਹੇ ਸਮੇਂ ਵਿੱਚ ਉਨ੍ਹਾਂ ਨੇ ਕੌਮ ਨੂੰ ਜ਼ੁਬਾਨ ਦੇ ਦਿੱਤੀ। ਅਸੀਂ 500 ਸਾਲਾਂ ਵਿੱਚ ਕੀ ਕੀਤਾ?

ਅੱਜ ਗੁਰਮੁਖੀ ਦਿਵਸ ਤੇ ਪ੍ਰਣ ਕਰੀਏ:

ਘਰ ਵਿੱਚ ਗੁਰਮੁਖੀ ਬੋਲਾਂਗੇ। ਬੱਚੇ ਨੂੰ "ਮੰਮਾ-ਡੈਡੀ" ਨਾਲ "ਮਾਤਾ-ਪਿਤਾ ਜੀ" ਵੀ ਸਿਖਾਵਾਂਗੇ।
ਮੋਬਾਈਲ ਵਿੱਚ ਗੁਰਮੁਖੀ ਕੀ-ਬੋਰਡ ਪਾਵਾਂਗੇ। ਅੰਗਰੇਜ਼ੀ ਵਿੱਚ "SSA" ਲਿਖਣ ਨਾਲੋਂ "ਸਤਿ ਸ੍ਰੀ ਅਕਾਲ" ਲਿਖਣਾ ਸੌਖਾ ਹੈ।

ਇੱਕ ਬੱਚੇ ਨੂੰ ਗੁਰਮੁਖੀ ਪੜ੍ਹਾਵਾਂਗੇ। ਗੁਰੂ ਅੰਗਦ ਦੇਵ ਜੀ ਨੇ ਪੰਥ ਲਈ ਪੜ੍ਹਾਇਆ, ਅਸੀਂ ਇੱਕ ਬੱਚੇ ਲਈ ਤਾਂ ਪੜ੍ਹਾ ਹੀ ਸਕਦੇ ਹਾਂ।
ਅਖੀਰਲੀ ਗੱਲ ਸ਼ੇਰਨੀ:

ਗੁਰੂ ਨਾਨਕ ਦੇਵ ਜੀ ਨੇ ਸਾਨੂੰ ਰਾਹ ਦਿਖਾਇਆ, ਗੁਰੂ ਅੰਗਦ ਦੇਵ ਜੀ ਨੇ ਉਸ ਰਾਹ ਤੇ ਚੱਲਣ ਲਈ ਪੈਰਾਂ ਵਿੱਚ ਜੁੱਤੀ ਪਾਈ — ਗੁਰਮੁਖੀ।

ਅੱਜ ਜਦੋਂ ਤੁਸੀਂ ਕਲਮ ਫੜ ਕੇ ਗੁਰਮੁਖੀ ਲਿਖਦੇ ਹੋ ਨਾ, ਤਾਂ ਸਮਝੋ ਗੁਰੂ ਅੰਗਦ ਦੇਵ ਜੀ ਤੁਹਾਡੇ ਹੱਥ ਫੜ ਕੇ ਲਿਖਾ ਰਹੇ ਹਨ।

"ਧੰਨੁ ਸੁ ਕਾਗਦੁ ਕਲਮ ਧੰਨੁ ਧੰਨੁ ਭਾਂਡਾ ਧੰਨੁ ਮਸੁ ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥"
ਅੰਗ 1291
ਧੰਨ ਹੈ ਉਹ ਕਾਗਜ਼, ਕਲਮ, ਦਵਾਤ — ਜਿਸ ਨਾਲ ਸੱਚਾ ਨਾਮ ਲਿਖਿਆ ਜਾਵੇ।

ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿੱਚ ਕੋਟਿ-ਕੋਟਿ ਪ੍ਰਣਾਮ।
ਗੁਰਮੁਖੀ ਦੇ ਜਨਮ-ਦਾਤੇ ਨੂੰ ਸੀਸ ਝੁਕਾ ਕੇ ਸਲਾਮ।

ਚੜ੍ਹਦੀ ਕਲਾ। ਸਤਿ ਸ੍ਰੀ ਅਕਾਲ।

ਸ. ਸੋਹਨ ਸਿੰਘ ਸਾਰੰਗ ਜੀ ਦੀ ਧੀ ਦੇ ਨਾਮ — ਜਿਸ ਦੀ ਕਲਮ ਗੁਰੂ ਅੰਗਦ ਦੇਵ ਜੀ ਦੀ ਦਿੱਤੀ ਗੁਰਮੁਖੀ ਨਾਲ ਅੱਜ ਵੀ ਜਗਦੀ ਹੈ।